Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਤਹਰੀਕੇ ਜਦੀਦ ਦੇ 88ਵੇਂ ਵਰ੍ਹੇ'ਚ ਜਮਾਅਤ ਵੱਲੋਂ ਪੈਸ਼ ਕੀਤੀਆਂ ਜਾਣ ਵਾਲੀਆਂ ਵਿੱਤੀ ਕੁਰਬਾਨੀਆਂ ਦਾ ਜ਼ਿਕਰ ਅਤੇ 89ਵੇਂ ਵਰ੍ਹੇ ਦੇ ਆਰੰਭ ਦੀ ਘੋਸ਼ਣਾ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਖਲੀਫਾਤੁਲ ਮਸੀਹ ਅਲ-ਖਾਮਿਸ ਅੱਯਾਦਾਹੁ ਅੱਲ੍ਹਾ ਤਆਲਾ ਬਿਨਸਰਹਿਲ-ਅਜ਼ੀਜ਼, 04 ਨਵੰਬਰ 2022 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੂ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ. بِسْمِ اللّٰهِ الرَّحْمٰنِ الرَّحِيْمِ. اَلْحَمْدُ لِلّٰهِ رَبِّ الْعٰلَمِيْنَ. الرَّحْمٰنِ الرَّحِيْمِ. مٰلِكِ يَوْمِ الدِّيْنِ. إِيَّاكَ نَعْبُدُ وَ إِيَّاكَ نَسْتَعِيْنُ. اِهْدِنَا الصِّرَاطَ الْمُسْتَقِيْمَ. صِرَاطَ الَّذِيْنَ أَنْعَمْتَ عَلَيْهِمْ. غَيْرِ الْمَغْضُوْبِ عَلَيْهِمْ وَلَا الضَّآلِّيْنَ.

ਤਸ਼ਹੁਦ, ਤਾਊਜ਼ ਅਤੇ ਸੂਰਾਹ ਫਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਅੱਜ ਨਵੰਬਰ ਮਹੀਨੇ ਦਾ ਪਹਿਲਾ ਜੁਮ੍ਹਾ ਹੈ ਅਤੇ ਤਰੀਕ ਅਨੁਸਾਰ ਅੱਜ ਦੇ ਖ਼ੁਤਬੇ'ਚ ਤਹਰੀਕੇ ਜਦੀਦ ਦੇ ਨਵੇਂ ਸਾਲ ਦੀ ਘੋਸ਼ਣਾ ਕੀਤੀ ਜਾਂਦੀ ਹੈ ਅਤੇ ਪਿੱਛਲੇ ਸਾਲ'ਚ ਰੱਬ ਦੀਆਂ ਮਿਹਰਾਂ ਦੀਆਂ ਬਾਰੀਸ਼ਾਂ ਦੀ ਚਰਚਾ ਕੀਤੀ ਜਾਂਦੀ ਹੈ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਹਰ ਨਬੀ ਨੇ ਆਪਣੇ ਕਾਰਜ ਚਲਾਉਣ ਲਈ ਵਿੱਤੀ ਤਹਰੀਕ ਕੀਤੀ ਹੈ। ਕੁਰਆਨ ਸ਼ਰੀਫ'ਚ ਵੀ ਇਸ ਦੀ ਤਹਰੀਕ ਹੈ। ਕੁਰਆਨ ਕਰੀਮ'ਚ ਰੱਬ ਨੇ ਸਪਸ਼ੱਟ ਫ਼ਰਮਾਇਆ ਕਿ ਜੋ ਕੁਰਬਾਨੀਆਂ ਕਰਦੇ ਹੋ ਰੱਬ ਇਸੇ ਸੰਸਾਰ'ਚ ਉਸ ਦਾ ਬਦਲਾ ਦਿੰਦਾ ਹੈ। ਸੂਰਤੁਲ ਬਕਰਹ ਆਇਤ 262'ਚ ਰੱਬ ਨੇ ਇਸ ਰਾਹ'ਚ ਖ਼ਰਚ ਕਰਨ ਵਾਲੀਆਂ ਦੀ ਮਿਸਾਲ ਦਿੱਤੀ ਕਿ ਜੋ ਮੋਮਿਨ ਸੁਹਿਰਦ ਹੋ ਕੇ ਰੱਬ ਦੀ ਰਾਹ'ਚ ਖ਼ਰਚ ਕਰਦੇ ਹਨ ਰੱਬ ਉਨ੍ਹਾਂ ਦਾ ਕਰਜ਼ ਨਹੀਂ ਰੱਖਦਾ ਸਗੋਂ ਲੋਕ ਪ੍ਰਲੋਕ'ਚ ਅਥਾਹ ਦਿੰਦਾ ਹੈ।

ਇਸ ਜ਼ਮਾਨੇ'ਚ ਰੱਬ ਨੇ ਧਰਮ ਦੇ ਪ੍ਰਚਾਰ ਹੇਤੂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਭੇਜਿਆ ਹੈ। ਆਪ ਦੇ ਮੰਨਣ ਵਾਲੀਆਂ ਦੀ ਇਹ ਜ਼ਿੰਮੇਦਾਰੀ ਹੈ ਕਿ ਇਸਲਾਮ ਦੇ ਪ੍ਰਚਾਰ ਅਤੇ ਤੌਹੀਦ ਦੀ ਸਥਾਪਨਾ ਲਈ ਆਪਣਾ ਫ਼ਰਜ਼ ਅਦਾ ਕਰਨ। ਜੇਕਰ ਸੁਹਿਰਦ ਹੋ ਕੇ ਉਸ ਦਾ ਹੱਕ ਅਦਾ ਕਰਨਗੇ ਤਾਂ ਰੱਬ ਦੀਆਂ ਮਿਹਰਾਂ ਦੇ ਭਾਗੀ ਹੋਣਗੇ। ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ

ਨੇ ਫ਼ਰਮਾਇਆ ਕਿ ਨਮਾਜ਼, ਰੋਜ਼ਾ ਅਤੇ ਰੱਬ ਦਾ ਸਿਮਰਨ ਕਰਨਾ ਰੱਬ ਦੀ ਰਾਹ'ਚ ਖ਼ਰਚ ਕਰਨ ਨੂੰ ਕਈ ਗੁਣਾ ਵਧਾਉਂਦਾ ਹੈ। ਇਸ ਹਦੀਸ'ਚ ਰੱਬ ਨੇ ਇੱਕ ਹਕੀਕੀ ਮੋਮਿਨ ਦਾ ਨਕਸ਼ਾ ਖਿੱਚਿਆ ਹੈ ਕਿ ਕੇਵਲ ਵਿੱਤੀ ਕੁਰਬਾਨੀ ਕਾਫ਼ੀ ਨਹੀਂ ਸਗੋਂ ਹੋਰ ਇਬਾਦਤਾਂ ਵੀ ਜ਼ਰੂਰੀਆਂ ਹਨ। ਫ਼ਿਰ ਰੱਬ ਇੰਝ ਦਿੰਦਾ ਹੈ ਕਿ ਮਨੁੱਖ ਅਚੰਭਿਤ ਰਹਿ ਜਾਂਦਾ ਹੈ। ਮਨੁੱਖ ਨੂੰ ਇਸ ਗੱਲ ਤੇ ਸੰਤੁਸ਼ਟ ਨਹੀਂ ਹੋ ਜਾਣਾ ਚਾਹੀਦਾ ਕਿ ਅਸੀਂ ਰੱਬ ਦੀ ਰਾਹ'ਚ ਖ਼ਰਚ ਕਰ'ਤਾ ਸਗੋਂ ਹੋਰ ਇਬਾਦਤਾਂ ਦੀ ਪੂਰਤੀ ਵੀ ਜ਼ਰੂਰੀ ਹੈ।

ਹਜ਼ੂਰੇ ਅਨਵਰ ਨੇ ਹਜ਼ਰਤ ਰਾਬੀਆ ਬਸਰੀ ਦੇ ਸੰਪੂਰਨ ਵਿਸ਼ਵਾਸ ਦਾ ਜ਼ਿਕਰ ਕੀਤਾ ਕਿ ਕਿਵੇਂ ਉਨ੍ਹਾਂ ਨੇ ਰੱਬ ਦੀ ਰਾਹ'ਚ ਦੋ ਰੋਟੀਆਂ ਦਿੱਤੀਆਂ ਤੇ ਪ੍ਰੋਹਣਿਆਂ ਲਈ ਵੀਂਹ ਰੋਟੀਆਂ ਆ ਗਈਆਂ।

ਰੱਬ ਨੇ ਅੱਜ ਧਾਰਮਿਕ ਕਾਰਜਾਂ ਦੀ ਪੂਰਤੀ ਲਈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਭੇਜਿਆ ਹੈ ਅਤੇ ਜਮਾਅਤ ਰਾਹੀਂ ਪ੍ਰਚਾਰ ਦਾ ਕੰਮ ਹੋ ਰਿਹਾ ਹੈ। ਜਮਾਅਤ ਹਰ ਸਾਲ ਕਈ ਮਿਲਿਅਨ ਪਾਊਂਡ ਸਾਹਿਤ ਪ੍ਰਕਾਸ਼ਨ, ਮਸਜਿਦ ਤੇ ਮਿਸ਼ਨ ਹਾਊਸ ਬਣਾਉਣ'ਚ ਖ਼ਰਚ ਕਰਦੀ ਹੈ। ਸਮਰਿਧ ਅਮੀਰ ਦੇਸ਼ਾਂ ਦੀ ਰਾਸ਼ੀ ਅਫ਼ਰੀਕਾ, ਭਾਰਤ ਤੇ ਹੋਰ ਕਈ ਦੇਸ਼ਾਂ'ਚ ਖ਼ਰਚ ਹੁੰਦੀ ਹੈ। ਇਹ ਰੱਬ ਦੀ ਕਿਰਪਾ ਹੈ ਕਿ ਵਿੱਤੀ ਹਾਲਾਤ ਖ਼ਰਾਬ ਹੋਣ ਦੇ ਬਾਦ ਵੀ ਲੋਕ ਇਨ੍ਹਾਂ ਖ਼ਰਚੀਆਂ ਨੂੰ ਪੂਰਾ ਕਰ ਰਹੇ ਹਨ। ਰੱਬ ਵੀ ਆਪਣੇ ਸਲੂਕ ਦੇ ਨਜ਼ਾਰੇ ਵਿਖਾਉਂਦਾ ਹੈ ਤੇ ਗ਼ਰੀਬ ਤੇ ਅਮੀਰ ਦੇਸ਼ਾਂ'ਚ ਹਰ ਥਾਂ ਕੁਰਬਾਨੀ ਕਰਨ ਵਾਲੀਆਂ ਨੂੰ ਅਜੀਬ ਢੰਗ ਨਾਲ ਦਿੰਦਾ ਹੈ।

ਉਸ ਦੇ ਬਾਦ ਹਜ਼ੂਰੇ ਅਨਵਰ ਨੇ ਲਾਈਬੇਰੀਆ, ਅਸਟ੍ਰੇਲਿਆ, ਤਨਜ਼ਾਨੀਆ, ਗ਼ੇਮਬੀਆ, ਨਾਈਜਰ ਤੇ ਗਿਨੀ ਕਰਾਕਰੀ ਅਤੇ ਭਾਰਤ ਸਮੇਤ ਸੰਸਾਰ ਭਰ ਦੇ ਵੱਖੋ-ਵੱਖ ਦੇਸ਼ਾਂ'ਚੋਂ ਮਰਦਾਂ ਤੇ ਔਰਤਾਂ, ਬੁੱਢਿਆਂ, ਬੱਚੀਆਂ, ਅਮੀਰਾਂ ਤੇ ਗ਼ਰੀਬਾਂ ਅਰਥਾਤ ਵੱਖੋ-ਵੱਖ ਸ਼੍ਰੇਣਿਆਂ, ਕਿਰਤਾਂ ਤੇ ਕੌਮਾਂ ਨਾਲ ਸੰਬੰਧ ਰੱਖਣ ਵਾਲੇ ਸੁਹਿਰਦ ਅਹਮਦੀਆਂ ਦੀਆਂ ਵਿੱਤੀ ਕੁਰਬਾਨੀਆਂ ਬਾਰੇ ਬਿਆਨ ਕੀਤਾ।

ਹਜ਼ੂਰ ਨੇ ਫ਼ਰਮਾਇਆ : ਭਾਰਤ ਤੋਂ ਵਕੀਲੁਲ ਮਾਲ ਸਾਹਿਬ ਕਹਿੰਦੇ ਹਨ ਕਿ ਇੱਥੇ ਇੱਕ ਸਾਹਿਬ ਹਨ, ਵਿੱਤੀ ਕੁਰਬਾਨੀ'ਚ ਤਹਰੀਕੇ ਜਦੀਦ'ਚ ਬਹੁਤ ਪੈਸ਼ ਪੈਸ਼ ਹਨ। ਉਨ੍ਹਾਂ ਨੂੰ ਬਜਟ'ਚ ਵਾਧੇ ਲਈ ਕਿਹਾ ਗਿਆ ਤਾਂ ਕਹਿਣ ਲੱਗੇ ਕਿ ਕਿੰਨਾ ਵਾਧਾ ਕਰਾਂ। ਉਨ੍ਹਾਂ ਨੂੰ ਕਿਹਾ ਗਿਆ ਕਿ ਆਪਣੇ ਸਾਧਨਾ ਅਨੁਸਾਰ ਜੋ ਆਪ ਕਰ ਸਕਦੇ ਹਨ ਕਰ ਦੇਣ। ਪਰ ਉਨ੍ਹਾਂ ਦਾ ਕੇਂਦਰੀ ਨੁਮਾਇੰਦੇ'ਤੇ ਜ਼ੋਰ ਸੀ ਕਿ ਤੁਸੀਂ ਦੱਸੋ ਤਾਂ ਨੁਮਾਇੰਦੇ ਨੇ ਕਹਿ'ਤਾ ਕਿ ਚੰਗਾ ਫ਼ਿਰ ਦੱਸ ਲੱਖ ਦਾ ਵਾਧਾ ਕਰ ਦਿਓ। ਉਹ ਪਹਿਲਾਂ ਪੰਜ ਲੱਖ ਦੇ ਚੁੱਕੇ ਸਨ। ਪਰ ਉਨ੍ਹਾਂ ਨੇ ਵਾਧਾ ਕਰ'ਤਾ ਅਤੇ

ਅਦਾ ਵੀ ਕਰ'ਤਾ। ਕਹਿੰਦੇ ਹਨ ਕਿ ਮੇਰਾ ਇੱਕ ਮਕਾਨ ਸੀ ਜਿਸ ਦੀ ਰਜਿਸਟਰੀ ਨਹੀਂ ਹੋ ਰਹੀ ਸੀ ਅਤੇ ਬਹੁਤ ਵੱਡਾ ਨੁਕਸਾਨ ਹੋਣ ਦਾ ਖ਼ਿਆਲ ਸੀ ਪਰ ਵਾਧਾ ਕਰਨ ਦੇ ਕੁੱਝ ਦਿਨਾਂ ਬਾਦ ਹੀ ਇਹ ਕੰਮ ਵੀ ਹੋ ਗਿਆ। ਲੰਕਿਆ ਹੋਇਆ ਸੀ ਤੇ ਰੱਬ ਨੇ ਨੁਕਸਾਨ ਪੂਰਾ ਕਰ'ਤਾ। ਰੱਬ ਨ ਅਮੀਰਾਂ ਤੋਂ ਉਧਾਰ ਰੱਖਦਾ ਹੈ ਨ ਗ਼ਰੀਬਾਂ ਤੋਂ। ਹਰ ਇੱਕ ਨੂੰ ਉਸ ਦੇ ਅਨੁਸਾਰ ਦਿੰਦਾ ਹੈ।

ਭਾਰਤ ਤੋਂ ਹੀ ਵਕੀਲੁਲ ਮਾਲ ਸਾਹਿਬ ਲਿੱਖਦੇ ਹਨ ਕਿ ਕਸ਼ਮੀਰ ਦੇ ਇੱਕ ਡਾਕਟਰ, ਜੋ ਕਸ਼ਮੀਰ ਯੂਨੀਵਰਸਟੀ'ਚ ਪ੍ਰੋਫ਼ਸਰ ਹਨ। ਵਾਅਦੇ ਅਨੁਸਾਰ ਚੰਦਾ ਦੇ ਦਿੱਤਾ ਸੀ। ਉਸ ਦੇ ਬਾਦ ਉਨ੍ਹਾਂ ਨੇ ਦੱਸਿਆ ਕਿ ਮੈਨੂੰ ਤਰੱਕੀ ਦੇ ਕੇ ਚੀਫ਼ ਸਾਇੰਟਿਸਟ ਬਣਾ'ਤਾ ਗਿਆ ਹੈ ਅਤੇ ਮੇਰੀ ਤਨਖ਼ਾਹ'ਚ ਵੀ ਗੈਰ ਮਾਮੂਲੀ ਵਾਧਾ ਹੋ ਗਿਆ ਹੈ। ਇਸ ਤੇ ਉਨ੍ਹਾਂ ਨੇ ਆਪਣੇ ਤਹਰੀਕੇ ਜਦੀਦ ਦੇ ਚੰਦੇ'ਚ ਵੀ ਵਾਧਾ ਕਰ'ਤਾ।

ਤਹਰੀਕੇ ਜਦੀਦ ਦੇ 88ਵੇਂ ਵਰ੍ਹੇ ਦੇ ਅੰਤ'ਤੇ ਵਿਸ਼ਵਵਿਆਪੀ ਜਮਾਅਤੇ ਅਹਮਦੀਆ ਨੂੰ ਦੌਰਾਨੇ ਸਾਲ ਇਸ ਵਿੱਤੀ ਨਿਜ਼ਾਮ'ਚ 16.4 ਮਿਲਿਅਨ ਪਾਊਂਡ ਵਿੱਤੀ ਕੁਰਬਾਨੀ ਪੇਸ਼ ਕਰਨ ਦੀ ਤੌਫ਼ੀਕ ਮਿਲੀ। ਸੰਸਾਰ ਦੇ ਤੇਜ਼ੀ ਨਾਲ ਵਿਗੜਦੇ ਹੋਏ ਵਿੱਤੀ ਹਾਲਾਤਾਂ ਦੇ ਬਾਦ ਵੀ ਇਹ ਵਸੂਲੀ ਪਿੱਛਲੇ ਸਾਲ ਦੇ ਮੁਕਾਬਲੇ'ਚ ਰੱਬ ਦੀ ਕਿਰਪਾ ਨਾਲ 1.1 ਮਿਲਿਅਨ ਪਾਊਂਡ ਵੱਧ ਹੈ। ਇਸ ਸਾਲ ਵੀ ਜਰਮਨੀ ਜਮਾਅਤ ਸਾਰੀਆਂ ਜਮਾਅਤਾਂ'ਚੋਂ ਪਹਿਲੇ ਨੰਬਰ'ਤੇ ਹੈ। ਪਾਕਿਸਤਾਨ ਨੇ ਵੀ ਰੱਬ ਦੀ ਕਿਰਪਾ ਸੱਦਕੇ ਬਹੁਤ ਕੁਰਬਾਨੀ ਕੀਤੀ ਹੈ ਪਰ ਉੱਥੇ ਦੀ ਵਿੱਤੀ ਹਾਲਤ ਬਹੁਤ ਖ਼ਰਾਬ ਹੈ। ਰੁਪਏ ਦੀ ਕੀਮਤ ਘੱਟ ਜਾਣ ਕਰਕੇ ਉਹ ਪਿੱਛੇ ਰਹਿ ਗਏ, ਨਹੀਂ ਤਾਂ ਕੁਰਬਾਨੀ'ਚ ਉਨ੍ਹਾਂ ਦਾ ਕਦਮ ਅੱਗੇ ਹੀ ਵੱਧਿਆ ਹੈ। ਜਰਮਨੀ ਭਾਵੇਂ ਅੱਗੇ ਹੈ, ਪਰ ਆਪਣੀ ਸਵਦੇਸ਼ੀ ਕਰੰਸੀ ਦੇ ਹਿਸਾਬ ਨਾਲ ਉਨ੍ਹਾਂ'ਚ ਕਮੀ ਹੋਈ ਹੈ। ਬਰਤਾਨੀਆ ਤੇ ਅਮਰੀਕਾ'ਚ ਜਿਵੇਂ ਵਾਧਾ ਹੋ ਰਿਹਾ ਹੈ ਜੇਕਰ ਇੰਝ ਹੀ ਇਹ ਵੱਧਦੇ ਰਹੇ ਤਾਂ ਜਰਮਨੀ ਤੋਂ ਅੱਗੇ ਵੀ ਨਿਕਲ ਸਕਦੇ ਹਨ। ਇੰਝ ਹੀ ਕਨੇਡਾ, ਅਸਟਰੇਲੀਆ, ਭਾਰਤ ਅਤੇ ਘਾਨਾ ਦੀਆ ਜਮਾਅਤਾਂ ਦੇ ਚੰਦੇ'ਚ ਵੀ ਬਹੁਤ ਵਾਧਾ ਹੋਇਆ ਹੈ।

ਕਾਰਜ ਦੇ ਹਿਸਾਬ ਨਾਲ ਦੂਜੀਆਂ ਪ੍ਰਸ਼ੰਸ਼ਾਯੋਗ ਜਮਾਅਤਾਂ'ਚ ਹੌਲੈਂਡ, ਫ਼ਰਾਂਸ, ਸੁਡਾਨ, ਜੌਰਜਿਆ, ਨਾਰਵੇ, ਬੇਲਜੀਅਮ, ਬਰਮਾ, ਮਲੈਸ਼ਿਆ, ਨਿਓਜ਼ੀਲੈਂਡ, ਬੰਗਲਾਦੇਸ਼, ਕਰੇਬਾਤੀ, ਕਜ਼ਾਕਿਸਤਾਨ, ਤਤਾਰਿਸਤਾਨ, ਫ਼ਿਲੀਪਾਇਨ ਅਤੇ ਫ਼ਿਰ ਮਿਡਲ ਈਸਟ ਦੀ ਇੱਕ ਜਮਾਅਤ ਸ਼ਾਮਿਲ ਹਨ।

ਅਫ਼ਰੀਕਾ'ਚ ਵਸੂਲੀ ਅਨੁਸਾਰ ਘਾਨਾ ਪਹਿਲੇ ਤੇ ਹੈ। ਫ਼ਿਰ ਮੌਰਿਸ਼ਸ , ਨਾਈਜੇਰੀਆ, ਬੋਕੀਨਾਫ਼ਾਸੋ, ਤਨਜ਼ਾਨੀਆ, ਗੈਮਬੀਆ, ਲਾਇਬੇਰੀਆ, ਯੁਗਾਂਡਾ, ਸੈਰੀਲਿਓਨ ਅਤੇ ਫ਼ਿਰ ਬੇਨਨ ਦਾ ਨੰਬਰ ਹੈ।

ਚੰਦੇ ਦੇ ਹਿਸਾਬ ਨਾਲ ਅਮਰੀਕਾ, ਬਰਤਾਨੀਆ ਅਤੇ ਅਸਟ੍ਰੇਲਿਆ ਦਾ ਨੰਬਰ ਹੈ। ਸ਼ਾਮਿਲ ਹੋਣ ਵਾਲੀਆਂ ਦੀ ਗਿਣਤੀ ਰੱਬ ਦੀ ਕਿਰਪਾ ਨਾਲ 15 ਲੱਖ 94 ਹਜ਼ਾਰ ਹੈ।

ਸ਼ਾਮਲੀਨ'ਚ ਵਾਧਾ ਕਰਨ ਦੇ ਹਿਸਾਬ ਨਾਲ ਅਫ਼ਰੀਕੀ ਦੇਸ਼ਾਂ'ਚ ਨਾਇਜੇਰੀਆ ਨੰਬਰ ਇੱਕ ਤੇ ਹੈ ਫ਼ਿਰ ਗਿਨੀ ਬਸਾਓ, ਕਾਂਗੋ ਬਰਾਜ਼ੀਲ, ਗਿਨੀ ਕਨਾਕਰੀ, ਤਨਜ਼ਾਨੀਆ , ਕੌਂਗੋ ਕੰਸ਼ਾਸਾ, ਗੈਂਬਿਆ, ਕੈਮਰੂਨ, ਐਵਰੀ ਕੋਸਟ, ਨਾਇਜਰ, ਸੈਨੀਗਾਲ ਅਤੇ ਫ਼ਿਰ ਬੋਕੀਨਾ ਫ਼ਾਸੋ ਹੈ।

ਦਫ਼ਤਰ ਅੱਵਲ ਦੇ ਖ਼ਾਤੇ ਰੱਬ ਦੀ ਕਿਰਪਾ ਨਾਲ ਜਾਰੀ ਹਨ।

ਭਾਰਤ ਦੀਆਂ ਪਹਿਲੀਆਂ ਦੱਸ ਜਮਾਅਤਾਂ ਇੰਝ ਹਨ। ਕੋਇੰਬਟੂਰ(ਤਾਮਿਲਨਾਡੂ), ਕਾਦੀਆਂ, ਹੈਦਰਾਬਾਦ, ਕਰੋਲਾਈ, ਪਿੱਥਾ ਪੈਰਿਅਮ, ਕਾਲੀਕੱਟ, ਬੈਂਗਲੂਰੁ, ਮੈਲਾਪਾਲਮ, ਕਲਕੱਤਾ ਅਤੇ ਫ਼ਿਰ ਕੈਰੰਗ।

ਕੁਰਬਾਨੀ ਦੇ ਹਿਸਾਬ ਨਾਲ ਭਾਰਤ ਦੇ ਸੂਬੀਆ'ਚ ਕੇਰਲਾ, ਤਾਮਿਲਨਾਡੂ, ਕਰਨਾਟਕ, ਜੰਮੂ ਕਸ਼ਮੀਰ, ਤਿਲੰਗਾਨਾ, ਉਡੀਸ਼ਾ, ਪੰਜਾਬ, ਬੰਗਾਲ, ਦਿੱਲ੍ਹੀ ਅਤੇ ਮਹਾਰਾਸ਼ਟਰ ਹਨ।

ਹਜ਼ੂਰੇ ਅਨਵਰ ਨੇ ਸਾਰੇ ਕੁਰਬਾਨੀ ਪੈਸ਼ ਕਰਨ ਵਾਲੀਆਂ ਲਈ ਦੁਆ ਕੀਤੀ ਕਿ ਰੱਬ ਸਭ ਕੁਰਬਾਨੀ ਕਰਨ ਵਾਲੀਆਂ ਦੇ ਮਾਲ'ਚ ਬੇਅੰਤ ਬਰਕਤ ਬਖ਼ਸ਼ੇ। ਆਮੀਨ

ਖ਼ੁਤਬੇ ਦੇ ਅੰਤ'ਚ ਇੱਕ ਵੇਬਸਾਇਟ ਦੇ ਉਦਘਾਟਨ ਦਾ ਐਲਾਨ ਕਰਦੇ ਹੋਏ ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਯੂ.ਕੇ ਜਮਾਅਤ ਨੇ ਬਰਤਾਨੀਆ'ਚ ਜਮਾਅਤ ਦੇ ਇਤਹਾਸ ਬਾਰੇ ਇੱਕ ਵੇਬਸਾਇਡ ਸ਼ੂਰੁ ਕੀਤੀ ਹੈ। ਇਸ ਵੇਬਸਾਇਡ'ਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਪੱਛਮ'ਚ ਪ੍ਰਚਾਰ ਦੀਆਂ ਕੋਸ਼ਿਸ਼ਾਂ'ਤੇ ਆਧਾਰਿਤ ਖੋਜ ਪੱਤਰ ਪ੍ਰਕਾਸ਼ਿਤ ਕੀਤੇ ਹਨ। ਯੂ,ਕੇ'ਚ ਜਮਾਅਤ ਦਾ ਆਰੰਭ 1913 ਈ'ਚ ਸਮਝਿਆ ਜਾਂਦਾ ਹੈ, ਜੱਦੋਂ ਚੌਧਰੀ ਫ਼ਤਹਿ ਮੁੰਹਮਦ ਸਾਹਿਬ ਸਿਆਲ ਰਜ਼ੀ ਅੱਲਾਹ ਅੰਨਹੋ ਇੱਥੇ ਆਏ ਸਨ। ਜੱਦ ਕਿ ਬਰਤਾਨੀਆ ਅਤੇ ਯੂਰੋਪ ਦੇ ਹੋਰ ਦੇਸ਼ਾਂ'ਚ ਹਜ਼ਰਤ ਮਸੀਹ ਮੌਊਦ ਅਲੈਹਿ ਸਾਲਮ ਦਾ ਸੰਦੇਸ਼ ਆਪ ਅਲੈਹਿ ਸਲਾਮ ਦੇ ਦਾਅਵੇ ਮੁਜਦਿੱਅਤ ਨਾਲ ਹੀ ਪਹੁੰਚ ਗਿਆ ਸੀ। ਜੱਦੋਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇੱਕ ਖ਼ਤ ਅਤੇ ਅੰਗਰੇਜ਼ੀ ਇਸ਼ਤਿਹਾਰ ਜਿਸ ਦੀਆ ਅੱਠ ਹਜ਼ਾਰ ਕਾਪੀਆਂ ਛਪਾ ਕੇ ਭਾਰਤ ਤੇ ਯੂਰੋਪ'ਚ ਮੌਜੂਦ ਪ੍ਰਸਿਧ ਤੇ ਮਾਣਯੋਗ ਪਾਦਰੀ ਸਾਹਿਬਾਨ ਅਤੇ ਹੋਰ ਵੱਖੋ-ਵੱਖ ਸੁਸਾਇਟੀਆਂ ਤੇ ਧਰਮਾਂ ਦੇ

ਲੀਡਰਾਂ ਤੱਕ ਜਿੱਥੇ ਜਿੱਥੇ ਉਸ ਸਮੇਂ’ਚ ਸੰਦੇਸ਼ ਪਹੁੰਚ ਸਕਦਾ ਸੀ ਭੇਜ’ਤਾ। ਉਸ ਦੀ ਇੱਕ ਮਿਸਾਲ ਇਹ ਹੈ ਕਿ ਯੂ.ਕੇ’ਚ ਚਾਰਲਜ਼ ਬਰੇਡਲਾ ਦੇ ਨਾਂ ਨਾਲ ਇੱਕ ਪੌਲਿਟੀਸ਼ਨ ਸੀ, ਜੋ ਨਾਸਤਿਕ ਸੀ। ਉਸ ਨੂੰ ਆਪ ਅਲੈਹਿ ਸਲਾਮ ਦਾ ਸੰਦੇਸ਼ 1885 ਈ’ਚ ਪ੍ਰਾਪਤ ਹੋਇਆ ਸੀ। ਉਸ ਦਾ ਜ਼ਿਕਰ ਇੱਥੇ ਦਾ ਇੱਕ ਅਖ਼ਬਾਰ ਕੋਰ ਕੋਨਸਿਟਿਓਸ਼ਨ ਨੇ ਆਪਣੇ 08 ਜੂਨ 1885 ਈ ਦੇ ਪਰਚੇ’ਚ ਕੀਤਾ ਸੀ। ਇੰਝ ਹੀ “ਦੀ ਥੀਓਸੋਫ਼ਿਸਟ ਸੋਸਾਇਟੀ” ਦੇ ਇੱਕ ਸੰਸਥਾਪਕ ਹੈਨਰੀ ਸਟੀਲ ਆਲਕਾਓਟ ਨੂੰ ਵੀ ਇਹ ਸੰਦੇਸ਼ 1886 ਈ’ਚ ਪ੍ਰਾਪਤ ਹੋਇਆ ਸੀ। ਜਿਸ ਦਾ ਜ਼ਿਕਰ ਉਸ ਨੇ ਆਪਣੇ ਇੱਕ ਅਖ਼ਬਾਰ “ਦੀ ਥੀਓਸੋਫ਼ਿਸਟ” ਦੇ ਸਤੰਬਰ 1886 ਈ ਦੇ ਪਰਚੇ’ਚ ਕੀਤਾ ਸੀ।

ਇਸ ਵੇਬਸਾਇਡ’ਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਪਵਿੱਤਰ ਸਮੇਂ ਬਾਰੇ ਇੱਕ ਟਾਇਮ ਲਾਇਨ ਤਿਆਰ ਕੀਤਾ ਗਿਆ ਹੇ। ਜਿਸ’ਚ ਪੱਛਮ’ਚ ਪੈਗ਼ਾਮੇ ਹੱਕ’ਤੇ ਆਧਾਰਿਤ ਤੱਤਾਂ ਨੂੰ ਬਿਆਨ ਕੀਤਾ ਗਿਆ ਹੈ। ਅਤੇ ਯਾ ਯੁਨਿਅਰ ਮਿਸ਼ਨਰੀਜ਼ ਦੇ ਨਾਂ ਨਾਲ ਇੱਕ ਹੋਰ ਟਾਇਮ ਲਾਇਨ ਤਿਆਰ ਕੀਤੀ ਗਈ ਹੈ। ਜਿਸ’ਚ ਪੁਰਾਣੇ ਮੁਬਲਿਗ਼ੀਨ ਸਿਲਸਿਲਾ ਜਿਨ੍ਹਾਂ’ਚ ਸਹਾਬਾ ਹਜ਼ਰਾ ਮਸੀਹ ਮੌਊਦ ਅਲੈਹਿ ਸਲਾਮ ਸ਼ਾਮਿਲ ਹਨ, ਉਨ੍ਹਾਂ ਦੇ ਜਾਣ-ਪਛਾਣ ਅਤੇ ਯੂ,ਕੇ’ਚ ਉਨ੍ਹਾਂ ਦੀਆਂ ਸੈਵਾਵਾਂ ਦਾ ਜ਼ਿਕਰ ਕੀਤਾ ਗਿਆ ਹੈ। ਇੰਝ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਪਾਦਰੀ ਯੋਗਤ ਬਾਰੇ ਭਵਿੱਖਬਾਣੀ’ਤੇ ਇੱਕ ਵਿਸਥਾਰਪੂਰਵਕ ਖੋਜ ਸੰਪੂਰਨ ਹਵਾਲੀਆਂ ਨਾਲ ਪ੍ਰਕਾਸ਼ਿਤ ਕੀਤੀ ਗਈ ਹੈ। ਇੰਝ ਹੀ ਤਾਰੀਖ਼’ਤੇ ਆਧਾਰਿਤ ਹੋਰ ਖੋਜ ਪੱਤਰ ਪ੍ਰਕਾਸ਼ਿਤ ਕੀਤੇ ਗਏ ਹਨ। ਜੋ ਨੌਜਵਾਨ ਨਸਲ’ਤੇ ਇਸ ਗੱਲ੍ਹ ਨੂੰ ਸਪਸ਼ੱਟ ਕਰਨਗੇ ਕਿ ਉਨ੍ਹਾਂ ਦਾ ਅਤੇ ਉਨ੍ਹਾਂ ਦੇ ਵਡੇਰੀਆਂ ਦਾ ਇਸ ਦੇਸ਼’ਚ ਆਉਣ ਦਾ ਕੀ ਉਦੇਸ਼ ਸੀ। ਇਸ ਵੇਬਸਾਇਡ ਦਾ ਪਤਾ ਹੈ **history.ahmadiyya.uk** ਇਹ ਵੀ ਅੱਜ ਤੋਂ ਸ਼ੁਰੂ ਹੋਵੇਗੀ। ਉਂਝ ਸ਼ੁਰੂ ਤਾਂ ਹੈ ਪਰ ਅਧਿਕਾਰਿਤ ਰਸਮੀ ਉਦਘਾਟਨ ਵੀ ਅੱਜ ਇਹ ਕਰਵਾਉਣਾ ਚਾਹੁੰਦੇ ਹਨ। ਰੱਬ ਕਰੇ ਕਿ ਇਹ ਸਾਡੇ ਆਪਣੀਆਂ ਲਈ ਵੀ, ਗ਼ੈਰਾਂ ਲਈ ਵੀ ਲਾਭਕਾਰੀ ਹੋਵੇ। ਆਮੀਨ

**اَلْحَمْدُ لِلّٰهِ، اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ عِبَادَ اللّٰهِ رَحِمَكُمُ اللّٰهُ اِنَّ اللّٰهَ يَأْمُرُ بِالْعَدْلِ وَالْاِحْسَانِ وَاِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ.**